# ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿੱ), ਪੰਜਾਬ

**ਮੀਮੋਨੰ:DySPD (PEDB)/2021/** 264275 ਮਿਤੀ: 04.08.2021

## ਜਨਤਕ ਸੂਚਨਾ

1.0 ਪੰਜਾਬ ਸਰਕਾਰ, ਸਿੱਖਿਆ ਵਿਭਾਗ ਦੇ ਪੱਤਰ ਨੰ 11/35/2018-1edu6/1508658, ਮਿਤੀ 25.06.2019 ਰਾਹੀਂ ਅਧਿਆਪਕ ਦੀ Teachers Transfer Policy-2019 ਜਾਰੀ ਕੀਤੀ ਗਈ ਸੀ ਅਤੇ ਉਸ ਉਪਰੰਤ ਸਮੇਂ ਸਮੇਂ ਤੇ ਸੋਧਾਂ ਜਾਰੀ ਕੀਤੀਆਂ ਗਈਆਂ ਸਨ।

2.0 ਇਸ ਤੋਂ ਇਲਾਵਾ Punjab ICT Education Society (PICTES) ਅਧੀਨ ਕੰਮ ਕਰ ਰਹੇ ਕੰਪਿਊਟਰ ਫੈਕਲਟੀ ਲਈ ਤਬਾਦਲਾ ਨੀਤੀ ਮੀਮੋ ਨੰ 5/3-ICT-2019/Trans/303800, ਮਿਤੀ 13.09.2019 ਅਤੇ Education Provider, EGS/AIE/STR Volunteers ਲਈ ਤਬਾਦਲਾ ਨੀਤੀ ਮੀਮੋ ਨੰ SSA/HR/Transfer/2020/118750 ਮਿਤੀ 22.05.2020 ਜਾਰੀ ਕੀਤੀ ਗਈ ਸੀ। ਜੋ ਸ਼ੋਧਾਂ ਅਧਿਆਪਕਾਂ ਦੇ ਤਬਾਦਲਿਆਂ ਲਈ ਜਾਰੀ ਕੀਤੀਆਂ ਗਈਆਂ ਹਨ ਉਹ ਕੰਪਿਊਟਰ ਫੈਕਲਟੀ ਅਤੇ Education Provider, EGS/AIE/STR Volunteers ਤੇ ਬਦਲੀਆਂ ਲਈ ਲਾਗੂ ਹੋਣਗੀਆਂ।

3.0 ਵਿਭਾਗ ਵਲੋਂ ਸਮੂਹ ਅਧਿਆਪਕ, ਕੰਪਿਊਟਰ ਅਧਿਆਪਕ ਅਤੇ ਵਲੰਟੀਅਰ ਜਿੰਨਾਂ ਦੀ ਬਦਲੀ ਸਾਲ 2021 ਦੌਰਾਨ ਬਦਲੀਆਂ ਦੇ ਪਹਿਲੇ, ਦੂਜੇ ਅਤੇ ਤੀਜੇ ਗੇੜ ਦੌਰਾਨ ਨਹੀਂ ਹੋਈ, ਨੂੰ ਬਦਲੀਆਂ ਦੇ ਚੌਥੇ ਗੇੜ ਦੇ ਸਟੇਸਨ ਚੋਣ ਕਰਨ ਲਈ ਮਿਤੀ 05.08.2021 ਨੂੰ ਸਵੇਰੇ 9.00 ਵਜੇ ਤੋਂ 06.08.2021 ਨੂੰ ਰਾਤ 12.00 ਵਜੇ ਤੱਕ ਸੱਦਾ ਦਿੱਤਾ ਜਾਂਦਾ ਹੈ।

4.0 ਸਟੇਸਨ ਚੋਣ ਲਈ ਹੇਠ ਲਿਖੇ ਕਰਮਚਾਰੀ ਯੋਗ ਹੋਣਗੇ:

I. ਅਜਿਹੇ ਅਧਿਆਪਕ ਜਿਨ੍ਹਾਂ ਦੀ ਬਦਲੀ ਸਾਲ 2019 ਦੌਰਾਨ ਹੋਈ ਹੋਵੇ ਅਤੇ ਉਪਰੰਤ ਮੌਜੂਦਾ ਸਟੇਸਨ ਤੇ 2 ਸਾਲ ਤੱਕ ਦੀ ਠਹਿਰ ਮਿਤੀ 31.08.2021 ਤੱਕ ਪੂਰੀ ਹੁੰਦੀ ਹੋਵੇ।

II. ਅਜਿਹੇ ਅਧਿਆਪਕ ਜਿੰਨਾਂ ਦੀ ਤੱਰਕੀ ਮਿਤੀ 25.06.2019 ਉਪਰੰਤ ਹੋਈ ਹੋਵੇ ਅਤੇ ਮੌਜੂਦਾ ਸਟੇਸਨ ਤੇ 2 ਸਾਲ ਦੀ ਠਹਿਰ ਮਿਤੀ 01.04.2022 ਜਾਂ ਉਸ ਤੋਂ ਪਹਿਲਾਂ ਪੂਰੀ ਹੁੰਦੀ ਹੋਵੇ। ਪ੍ਰੰਤੂ ਅਜਿਹੇ ਅਧਿਆਪਕਾਂ ਦੀ ਬਦਲੀ ਹੋਣ ਦੀ ਸੂਰਤ ਵਿੱਚ ਮੌਜੂਦਾ ਸਟੇਸ਼ਨ ਤੇ 2 ਸਾਲ ਦਾ ਸਮਾਂ ਪੂਰਾ ਹੋਣ ਉਪਰੰਤ ਹੀ ਬਦਲੀ ਲਾਗੂ ਹੋਵੇਗੀ।

III. ਵਿਭਾਗ ਦੇ ਮੀਮੋ ਨੰ: ਡਿਪਟੀ ਐਸ.ਪੀ.ਡੀ. (ਪੀ.ਈ.ਡੀ.ਬੀ)/2021/259212 ਮਿਤੀ 31.07.2021 ਦੀ ਲਗਾਤਾਰਤਾ ਵਿੱਚ ਮਾਸਟਰ ਕਾਡਰ ਅਧੀਨ 3582 ਅਧਿਆਪਕਾਂ ਦੀ ਭਰਤੀ ਪ੍ਰੀਕ੍ਰਿਆ ਅਧੀਨ ਨਿਯੁਕਤ ਹੋਏ ਸਮੂਹ ਅਧਿਆਪਕ ਅਤੇ ਬਾਰਡਰ ਏਰੀਆ ਵਿੱਚ ਤੈਨਾਤ ਨਵ ਨਿਯੁਕਤ ਈ.ਟੀ.ਟੀ ਕਾਡਰ ਦੇ ਅਧਿਆਪਕ ਜਿੰਨਾਂ ਦਾ ਪਰਖ ਕਾਲ ਸਮਾਂ ਜਾਂ ਮੌਜੂਦਾ ਤੈਨਾਤੀ ਤੇ ਤਿੰਨ ਸਾਲ ਪੂਰੇ ਨਾ ਹੋਏ ਹੋਣ ਅਤੇ ਸਾਲ 2021 ਦੋਰਾਨ ਬਦਲੀਆਂ ਦੇ ਪਹਿਲੇ, ਦੂਜੇ ਅਤੇ ਤੀਜੇ ਗੇੜ ਵਿੱਚ ਬਦਲੀ ਨਾ ਹੋਈ ਹੋਵੇ।

IV. ਉਪਰੋਕਤ ਤੋਂ ਇਲਾਵਾ ਲੈਕਚਰਾਰ, ਮਾਸਟਰ ਕਾਡਰ (6060 ਦੀ ਭਰਤੀ ਪ੍ਰੀਕ੍ਰਿਆ ਅਧੀਨ ਨਿਯੁਕਤ ਹੋਏ ਸਮੂਹ ਅਧਿਆਪਕ), ਈ.ਟੀ.ਟੀ ਅਤੇ ਡੀ.ਪੀ.ਈ ਜਿੰਨਾਂ ਦੀ ਨਿਯੁਕਤੀ ਉਪਰੰਤ ਮਿਤੀ 01.04.2021 ਨੂੰ ਤਿੰਨ ਸਾਲ/ਪਰਖ ਕਾਲ ਸਮਾਂ ਪੂਰਾ ਨਾ ਹੋਇਆ ਹੋਵੇ ਪਰੰਤੂ ਮਿਤੀ 01.04.2022 ਤੋਂ ਪਹਿਲਾਂ ਉਹਨਾਂ ਦਾ ਪਰਖ ਕਾਲ ਸਮਾਂ ਪੂਰਾ ਹੁੰਦਾ ਹੋਵੇ ਤਾਂ ਉਹ ਬਦਲੀ ਲਈ ਅਪਲਾਈ ਕਰ ਸਕਦੇ ਹਨ। ਪਰੰਤੂ ਬਦਲੀ ਹੋਣ ਦੀ ਸੂਰਤ ਵਿੱਚ ਤਿੰਨ ਸਾਲ ਜਾਂ ਪਰਖ ਕਾਲ ਸਮਾਂ ਪੂਰਾ ਹੋਣ ਤੇ, ਜੋ ਵੀ ਪਹਿਲਾਂ ਹੋਵੇ, ਬਦਲੀ ਲਾਗੂ ਹੋਵੇਗੀ, ਬਸ਼ਰਤੇ ਉਨ੍ਹਾਂ ਦੀ ਬਦਲੀ ਸਾਲ 2021 ਦੌਰਾਨ ਬਦਲੀਆਂ ਦੇ ਪਹਿਲੇ, ਦੂਜੇ ਅਤੇ ਤੀਜੇ ਗੇੜ ਵਿੱਚ ਨਾ ਹੋਈ ਹੋਵੇ।

5.0 ਹੇਠ ਲਿਖੇ ਅਧਿਆਪਕ ਬਦਲੀ ਲਈ ਯੋਗ ਨਹੀਂ ਹੋਣਗੇ:

I. ਅਜਿਹੇ ਅਧਿਆਪਕ ਜਿਨ੍ਹਾਂ ਦੀ ਬਦਲੀ ਸਾਲ 2021 ਦੌਰਾਨ ਬਦਲੀਆਂ ਦੇ ਪਹਿਲੇ, ਦੂਜੇ ਅਤੇ ਤੀਜੇ ਗੇੜ ਵਿੱਚ ਹੋ ਚੁੱਕੀ ਹੋਵੇ।

II. ਅਜਿਹੇ ਅਧਿਆਪਕ ਜਿਨ੍ਹਾਂ ਅਧਿਆਪਕਾਂ ਦੀ ਬਦਲੀ ਸਾਲ 2021 ਦੌਰਾਨ ਬਦਲੀਆਂ ਦੇ ਪਹਿਲੇ, ਦੂਜੇ ਅਤੇ ਤੀਜੇ ਗੇੜ ਵਿੱਚ ਹੋਈ ਹੋਵੇ ਅਤੇ ਉਹਨਾਂ ਵਲੋਂ ਬਦਲੀ ਦੇ ਹੁਕਮ ਰੱਦ ਕਰਵਾਏ ਗਏ ਹੋਣ।

6.0 ਮਾਸਟਰ ਕਾਡਰ ਅਧੀਨ 3582 ਅਤੇ 6060 ਅਧਿਆਪਕਾਂ ਦੀ ਭਰਤੀ ਪ੍ਰੀਕ੍ਰਿਆ ਅਧੀਨ ਨਿਯੁਕਤ ਹੋਏ ਅਧਿਆਪਕ ਜਿੰਨਾਂ ਨੂੰ ਪਬਲਿਕ ਨੋਟਿਸ Dy SPD (PEDB)/2021/260849 ਮਿਤੀ 02.08.2021 ਰਾਹੀਂ ਬਦਲੀ ਲਈ ਅਪਲਾਈ ਕਰਨ ਦਾ ਸੱਦਾ ਦਿੱਤਾ ਗਿਆ ਹੋਵੇ ਉਹ ਇਸ ਪ੍ਰਕ੍ਰਿਆ ਵਿੱਚ ਅਪਲਾਈ ਕਰਨ ਦੇ ਪਾਤਰ ਨਹੀਂ ਹੋਣਗੇ।

7.0 ਅਜਿਹੇ ਨਵ ਨਿਯੁਕਤ 3582 ਅਧਿਆਪਕ ਜਿਨ੍ਹਾਂ ਦਾ ਪਰਖ ਕਾਲ/ ਮੌਜੂਦਾ ਸਟੇਸ਼ਨ ਤੇ ਲੋੜੀਂਦਾ 3 ਸਾਲ ਦਾ ਸਮਾਂ, ਜੋ ਵੀ ਪਹਿਲਾਂ ਪੂਰਾ ਹੁੰਦਾ ਹੋਵੇ, ਦੀਆਂ ਬਦਲੀਆਂ ਵਿਭਾਗ ਦੇ ਮੀਮੋ ਨੰ: ਡਿਪਟੀ ਐਸ.ਪੀ.ਡੀ. (ਪੀ.ਈ.ਡੀ.ਬੀ)/2021/259212 ਮਿਤੀ 31.07.2021 ਅਨੁਸਾਰ ਜਾਰੀ ਹਦਾਇਤਾਂ ਅਧੀਨ ਵਿਚਾਰੀਆਂ ਜਾਣਗੀਆਂ।

**8.0 ਬਦਲੀ ਕਰਵਾਉਣ ਲਈ ਜੋ ਅਧਿਆਪਕ ਆਪਣਾ ਡਾਟਾ ਪੋਰਟਲ ਤੇ ਭਰਨਗੇ ਉਹ ਆਪਣੀ ਨਿਯੁਕਤੀ ਪੱਤਰ ਵਿੱਚ ਦਰਜ ਪਰਖ ਕਾਲ ਦਾ ਸਮਾਂ ਵੀ ਦਰਜ ਕਰਨਗੇ। ਜੇਕਰ ਕੋਈ ਅਧਿਆਪਕ ਆਪਣਾ ਡਾਟਾ ਗਲਤ ਭਰਦਾ ਹੈ ਤਾਂ ਉਸ ਵਿਰੁੱਧ ਅਨੁਸਾਸਨੀ ਕਾਰਵਾਈ ਆਰੰਭੀ ਜਾਵੇਗੀ।**

**9.0** Exempted Category ਦੇ ਕਰਮਚਾਰੀ ਜਿੰਨਾਂ ਨੇ ਆਪਣੀ ਬਦਲੀ ਲਈ ਬੇਨਤੀ ਮੁੱਖ ਦਫਤਰ ਨੂੰ ਦਿੱਤੀ ਹੋਈ ਹੈ, ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਆਪਣੀ ਸਟੇਸਨ ਚੋਣ ਆਨਲਾਈਨ ਦੇਣ।

**10.0** ਇਹ ਸਪਸ਼ਟ ਕੀਤਾ ਜਾਂਦਾ ਹੈ ਕਿ ਜਿੰਨਾਂ ਕਰਮਚਾਰੀਆਂ ਦਾ ਡਾਟਾ ਅਧੂਰਾ ਪਾਇਆ ਜਾਂਦਾ ਹੈ ਉਹ ਬਦਲੀ ਲਈ ਯੋਗ ਨਹੀਂ ਹੋਣਗੇ। ਬਦਲੀ ਲਈ ਮੈਰਿਟ ਕਰਮਚਾਰੀ ਵਲੋਂ ਭਰੇ ਡਾਟਾ ਦੇ ਅਧਾਰ ਤੇ ਹੀ ਤਿਆਰ ਕੀਤੀ ਜਾਵੇਗੀ।

11.0 ਸਮੂਹ ਅਧਿਆਪਕ, ਕੰਪਿਊਟਰ ਅਧਿਆਪਕ ਅਤੇ ਵਲੰਟੀਅਰਾਂ ਜੋ ਬਦਲੀ ਕਰਵਾਉਣਾ ਚਾਹੁੰਦੇ ਹਨ ਉਹ ਬਦਲੀ ਲਈ ਸਟੇਸਨ ਚੋਣ ਮਿਤੀ 05.08.2021 ਨੂੰ ਸਵੇਰੇ 9.00 ਵਜੇ ਤੋਂ 06.08.2021 ਨੂੰ ਰਾਤ 12.00 ਵਜੇ ਤੱਕ ਆਪਣੇ Epunjab school Login Id ਵਿੱਚ ਦਰਸਾਈਆਂ ਅਸਾਮੀਆਂ ਵਿਰੁੱਧ ਕਰ ਸਕਦੇ ਹਨ। ਇਹਨਾਂ ਅਸਾਮੀਆਂ ਤੋਂ ਇਲਾਵਾ ਕਿਸੇ ਹੋਰ ਅਸਾਮੀ ਤੇ ਬਦਲੀ ਲਈ ਨਹੀਂ ਵਿਚਾਰਿਆ ਜਾਵੇਗਾ।

12.0 ਸਮੂਹ ਅਧਿਆਪਕ, ਕੰਪਿਊਟਰ ਅਧਿਆਪਕ ਅਤੇ ਵਲੰਟੀਅਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਬਦਲੀ ਸਬੰਧੀ ਆਪਣੀ ਗ੍ਰੀਵੈਂਸ ਵਿਭਾਗ ਨੂੰ ਭੇਜਣ ਤੋਂ ਪਹਿਲਾਂ ਸਬੰਧਤ ਤੱਥਾਂ ਦੀ ਪਾਲਿਸੀ ਅਨੁਸਾਰ ਚੰਗੀ ਤਰਾਂ ਘੋਖ ਪਰਖ ਕਰ ਲੈਣ, ਗ੍ਰੀਵੈਂਸ ਅਨੁਸਾਰ ਸਬੰਧਤ ਤੱਥਾਂ ਦੇ ਗਲਤ ਪਾਏ ਜਾਣ ਦੀ ਸੂਰਤ ਵਿੱਚ ਅਜਿਹੇ ਦਰਖਾਸਤਕਰਤਾਵਾਂ ਵਿਰੁਧ ਅਨੁਸ਼ਾਸ਼ਨੀ ਕਾਰਵਾਈ ਅਰੰਭੀ ਜਾਵੇਗੀ।



**ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿੱ), ਪੰਜਾਬ।**